# ਸਾਂਝਾ ਵਿਰਸਾ ਸੰਸਥਾ, ਡਰਬੀ ਵਲੋਂ ਗਿਆਨੀ ਨਿਰੰਜਨ ਸਿੰਘ ਨਰਗਸ ਦੀਆਂ ਤਿੰਨ ਕਿਤਾਬਾਂ ਭਾਰੀ ਇਕੱਠ ਅਤੇ ਨਵੇਕਲੇ ਅੰਦਾਜ਼ ਨਾਲ ਰਿਲੀਜ਼





1–ਡਰਬੀ ਦੇ ਮੇਅਰ ਕੌਂਸਲਰ ਅਮਰ ਨਾਥ ਅਤੇ ਲੇਡੀ ਮੇਅਰਸ ਬੀਬੀ ਨਿਰਮਲ ਨਾਥ ਲੇਖਕ ਗਿ: ਨਿਰੰਜਨ ਸਿੰਘ ਨਰਗਸ, ਉਹਨਾਂ ਦੀ ਧਰਮ ਪਤਨੀ, ਸਾਂਝਾ ਵਿਰਸਾ ਦੇ ਚੇਅਰ, ਡਰਬੀ ਸਿਟੀ ਕੌਂਸਲਰ ਅਤੇ ਹੋਰ ਪ੍ਰਮੁੱਖ ਸਖਖਸ਼ੀਅਤਾ ਨਾਲ ਖੜੇ ਦਿਖਾਈ ਦੇ ਰਹੇ ਹਨ। 2–ਸਾਂਝਾ ਵਿਰਸਾ ਦੇ ਚੇਅਰ ਸ: ਮਨੋਹਰ ਸਿੰਘ ਬਡਵਾਲ

ਡਰਬੀ:– ਸਾਂਝਾ ਵਿਰਸਾ ਸੰਸਥਾ, ਡਰਬੀ ਵਲੋਂ ਮਿਤੀ 10 ਜੁਲਾਈ 2010 ਸ਼ਨੀਚਰਵਾਰ ਨੂੰ ਇਕ ਹੋਰ ਸ਼ਲਾਘਾਯੋਗ ਉਦਮ ਕੀਤਾ ਗਿਆ। ਇਸ ਸਮੇਂ ਡਰਬੀ ਦੇ ਸਥਾਨਕ ਕਵੀ, ਪ੍ਰਚਾਰਕ, ਢੱਡ ਅਤੇ ਕਵੀਸ਼ਰੀ ਨੂੰ ਜਿਊਂਦਾ ਰਖਣ ਵਾਲੇ ਗਿਆਨੀ ਨਿਰੰਜਨ ਸਿੰਘ ਜੀ ਨਰਗਿਸ ਦੀਆਂ ਤਿੰਨ ਕਿਤਾਬਾਂ "ਵਿਜੈ ਪੱਤਰ ਜ਼ਫਰਨਾਮਾ", "ਭਗਤ ਭਗਵਾਨ ਦੇ" ਅਤੇ "ਸੋਢੀ ਸੁਲਤਾਨ" ਅਦੁੱਤੀ ਢਾਡੀ ਕਵੀਸ਼ਰੀ ਪ੍ਰਸੰਗ ਦੀਆਂ ਕ੍ਰਿਤਾਂ ਰਿਲੀਜ਼ ਕਰਕੇ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ।

ਇਹਨਾਂ ਕ੍ਰਿਤਾਂ ਵਿਚੋ ਪਹਿਲੀ ਕਿਤਾਬ "ਵਿਜੈ ਪੱਤਰ ਜ਼ਫਰਨਾਮਾ" ਦੀ ਘੁੰਡ ਚੁੱਕਾਈ ਦੀ ਰਸਮ ਡਰਬੀ ਸਿਟੀ ਕੌਂਸਲ ਦੇ ਮੇਅਰ ਕੌਂਸਲਰ ਅਮਰ ਨਾਥ ਅਤੇ ਉਹਨਾਂ ਦੀ ਧਰਮ ਪਤਨੀ ਅਤੇ ਲੇਡੀ ਮੇਅਰੈਸ ਬੀਬੀ ਨਿਰਮਲ ਨਾਥ ਜੀ ਵਲੋਂ ਕੀਤੀ ਗਈ, ਜਦੋਂ ਕਿ "ਭਗਤ ਭਗਵਾਨ ਦੇ" ਕਿਤਾਬ ਨੂੰ ਰਿਲੀਜ ਡਰਬੀ ਸਿਟੀ ਦੇ ਕੌਸਲਰ ਅਜੀਤ ਸਿੰਘ ਅਟਵਾਲ ਅਤੇ "ਸੋਢੀ ਸੁਲਤਾਨ" ਪੁਸਤਕ ਦੀ ਘੁੰਡ ਚੁੱਕਾਈ ਦੀ ਰਸਮ ਸਾਉਥ ਡਰਬੀਸ਼ਾਇਰ ਦੇ ਕੌਂਸਲਰ ਲਖਵਿੰਦਰ ਸਿੰਘ ਪਾਬਲਾ ਵਲੋਂ ਨਿਭਾਈ ਗਈ। ਇਹ ਸਮਾਗਮ ਸ੍ਰੀ ਗੁਰੂ ਰਵਿਦਾਸ ਸਭਾ ਗੁਰਦੁਆਰਾ ਸਾਹਿਬ, ਡੰਕਨ ਰੋਡ, ਡਰਬੀ ਦੇ ਹੇਠਲੇ ਹਾਲ ਵਿਚ ਸ਼ਾਮ 6–00 ਵਜੇ ਤੋਂ ਸ਼ਾਮ 8–30 ਵਜੇ ਤੱਕ ਕੀਤਾ ਗਿਆ। ਜਿਸ ਵਿਚ ਡਰਬੀ ਦੇ ਕਵੀਆਂ, ਲਿਖਾਰੀਆਂ ਅਤੇ ਗੀਤਕਾਰਾਂ ਸਮੇਤ ਡਰਬੀ ਦੀਆਂ ਜਾਣੀਆਂ–ਪਹਿਚਾਣੀਆਂ ਸ਼ਖਸੀਅਤਾਂ ਅਤੇ ਪ੍ਰਮੁੱਖ ਹਸਤੀਆਂ ਸ਼ਾਮਿਲ ਹੋਈਆਂ। ਕਿਤਾਬਾਂ "ਵਿਜੈ ਪੱਤਰ ਜ਼ਫਰਨਾਮਾ" ਉਪਰ ਪੜਚੋਲ ਪਰਚਾ ਡਾ: ਹਰਦਿਆਲ ਸਿੰਘ ਜੀ ਢਿੱਲੋਂ ਨੇ ਪੜ੍ਹਿਆ, ਜਿਸ ਵਿਚ ਉਹਨਾਂ ਨੇ ਇਕ ਅਲੋਚਕ ਦੀ ਦ੍ਰਿਸ਼ਟੀ ਤੋਂ ਇਸ ਪੁਸਤਕ ਨੂੰ ਪੜਚੋਲਿਆ। "ਭਗਤ ਭਗਵਾਨ ਦੇ" ਕਿਤਾਬ ਉਪਰ ਭਾਈ ਚੰਦਰ ਸ਼ੇਖਰ ਗੁਰੂ ਨੇ ਆਪਣਾ ਪਰਚਾ ਪੜ੍ਹਿਆ ਜਿਥੇ ਉਹਨਾਂ ਕਿਤਾਬ ਦੀ ਇਕ ਇਕ ਪ੍ਰਸੰਗ ਨੂੰ ਹਰ ਪੱਖ ਤੋਂ ਬੜੇ ਗੁਹ ਨਾਲ ਵਿਚਾਰਿਆ ਹੈ ਉਥੇ ਲਿਖਾਰੀ ਗਿ: ਨਿਰੰਜਣ ਸਿੰਘ ਨਰਗਿਸ ਜੀ ਦੀਆਂ ਧਾਰਮਿਕ ਭਾਵਨਾਵਾਂ ਨੂੰ ਭੀ ਆਪਣੇ ਪਰਚੇ ਵਿਚ ਬਾ–ਖੂਬੀ ਬਿਆਨਿਆ ਹੈ।

"ਸੋਢੀ ਸੁਲਤਾਨ" ਕਿਤਾਬ ਬਾਰੇ ਸਰਬ–ਪੱਖੀ ਪੜਚੋਲ ਪਰਚਾ ਡਾ: ਦਲਜੀਤ ਸਿੰਘ ਵਿਰਕ ਜੀ ਨੇ ਪੜਿਆ। ਜਿਸ ਵਿਚ ਉਹਨਾਂ ਜਿਥੇ ਕਿਤਾਬ ਵਿਚਲੇ ਛੰਦਾਂ ਬਾਰੇ ਵਿਸਥਾਰ ਨਾਲ ਵਿਚਾਰ ਕੀਤੀ ਉਥੇ ਹੀ ਲੇਖਕ ਗਿਆਨੀ ਨਿਰੰਜਣ ਸਿੰਘ ਜੀ ਨਰਗਸ ਦੇ ਜੀਵਨ ਬਾਰੇ ਵੀ ਖੁਲ ਕੇ ਚਰਚਾ ਕੀਤੀ, ਕਿ ਕਿਵੇਂ ਅਤੇ ਕਿਸ ਤਰ੍ਹਾਂ ਇਕ ਸਧਾਰਨ ਪ੍ਰਵਾਰ ਵਿਚੋਂ ਉਠ ਕੇ ਇਸ ਮੁਕਾਮ ਤੱਕ ਅੱਪੜੇ ਹਨ ਗਿਆਨੀ ਨਰਗਸ ਜੀ। ਵਲੈਤ ਦੀ ਰੁਝੇਵਿਆਂ ਭਰੀ ਜ਼ਿਦਗੀ ਵਿਚੋਂ ਵੀ ਕੁੱਝ ਲਿਖਣ ਲਈ ਸਮਾਂ ਕੱਢ ਲੈਣਾ ਸੌਖਾ ਨਹੀਂ ਹੈ। ਡਾ: ਵਿਰਕ ਨੇ ਸੰਸਥਾ ਸਾਂਝਾ ਵਿਰਸਾ ਦੇ ਚੇਅਰਮੈਂਨ ਭਾਈ ਮਨੋਹਰ ਸਿੰਘ ਜੀ ਬਡਵਾਲ, ਭਾਈ ਚੰਦਰ ਸ਼ੇਖਰ ਗੁਰੂ ਜੀ ਦਾ ਵਿਸ਼ੇਸ਼ ਤੌਰ ਤੇ ਧੰਨਵਾਦ ਕੀਤਾ ਅਤੇ ਇਸ ਪ੍ਰੋਗਰਾਮ ਨੂੰ ਉਲੀਕਣ ਅਤੇ ਬਰਤਾਨਵੀ ਸਾਹਿਤ ਨੂੰ ਗਿਆਨੀ ਜੀ ਦੀਆਂ ਵਧੀਆ ਤਿੰਨ ਕਿਤਾਬਾਂ ਰਲੀਜ ਕਰਨ ਉਪਰ ਵਧਾਈ ਦਿਤੀ।

ਇਹਨਾਂ ਕਿਤਾਬਾਂ ਦੇ ਲੇਖਕ ਗਿਆਨੀ ਨਿਰੰਜਣ ਸਿੰਘ ਜੀ ਨਰਗਸ ਨੇ ਡਰਬੀ ਦੀ ਇਸ ਅਗਾਹਾਂਵਧੂ ਸੰਸਥਾ ਸਾਂਝਾ ਵਿਰਸਾ ਵਲੋਂ ਕੀਤੇ ਗਏ ਇਸ ਵਿਸ਼ੇਸ਼ ਉਪਰਾਲੇ ਦਾ ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਡਰਬੀ ਵਿਚ ਇਹ ਇਕ ਐਸੀ ਸੰਸਥਾ ਹੈ ਜੋ ਅਕਸਰ ਐਸੇ ਉਪਰਾਲੇ ਜੋ ਸਾਡੇ ਵਿਰਸੇ ਦੀ ਸਹੀ ਤਰਜ਼ਮਾਨੀ ਕਰਦੇ ਹੋਣ ਅਤੇ ਪੱਛਮੀ ਸਭਿਅਤਾ ਵਿਚ ਗੁਆਚਦੀ ਜਾ ਰਹੀ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਤੇ ਵਿਰਸੇ ਨਾਲ ਜੋੜਨ ਦੀਆਂ ਲਗਾਤਾਰ ਕੋਸ਼ਿਸ਼ਾਂ ਕਰਦੀ ਰਹਿੰਦੀ ਹੈ।

ਡਰਬੀ ਦੇ ਮੇਅਰ ਕੌਂਸਲਰ ਅਮਰ ਨਾਥ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਨ ਵਿਚ ਆਖਿਆ ਕਿ ਐਸੀਆਂ ਖੋਜ ਭਰਪੂਰ ਕਿਤਾਬਾਂ ਨੂੰ ਰਲੀਜ ਕਰਨ ਸਮੇਂ ਉਹਨਾਂ ਨੂੰ ਬੜੀ ਖੁਸ਼ੀ ਅਤੇ ਮਾਣ ਮਹਿਸੂਸ ਹੋ ਰਿਹਾ ਹੈ। ਉਹਨਾਂ ਕਿਹਾ ਕਿ ਗਿਆਨੀ ਨਰਗਸ ਜੀ ਸਿਖ ਧਰਮ ਵਿਚ ਹੀ ਨਹੀਂ ਸਗੋਂ ਬਾਕੀ ਕਮਿਊਟੀਆਂ ਵਿਚ ਵੀ ਮਾਣੇ ਅਤੇ ਸਤਿਕਾਰੇ ਜਾਂਦੇ ਹਨ। ਉਹਨਾਂ ਸੰਸਥਾ ਸਾਂਝਾ ਵਿਰਸਾ ਦੇ ਚੇਅਰਮੈਨ ਸ੍ਰ: ਮਨੋਹਰ ਸਿੰਘ ਬਡਵਾਲ ਅਤੇ ਭਾਈ ਚੰਦਰ ਸ਼ੇਖਰ ਗੁਰੂ ਨੂੰ ਵਧਾਈ ਦਿੰਦਿਆਂ ਆਖਿਆ ਕਿ ਸਾਂਝਾ ਵਿਰਸਾ ਸੰਸਥਾ ਨੇ ਅੱਜ ਤੱਕ ਜਿਤਨੇ ਵੀ ਪ੍ਰੋਗਰਾਮ ਕੀਤੇ ਹਨ ਉਹ ਆਪਣੇ ਆਪ ਵਿਚ ਮਿਸ਼ਾਲ ਹਨ। ਕੌਂਸਲਰ ਅਜੀਤ ਸਿੰਘ ਅਟਵਾਲ ਨੇ ਆਪਣੇ ਭਾਸ਼ਨ ਵਿਚ ਗਿਆਨੀ ਨਰਗਸ ਦੀ ਭਰਪੂਰ ਸ਼ਲਾਘਾ ਕੀਤੀ ਅਤੇ ਸੰਸਥਾ ਸਾਂਝਾ ਵਿਰਸਾ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕੌਮ ਦੇ ਕੰਮਾਂ ਲਈ ਜਾਂ ਡਰਬੀ ਦੀ ਉਨਤੀ ਵਾਸਤੇ ਉਸ ਦੀਆਂ ਸੇਵਾਵਾਂ ਦੀ ਕਦੇ ਵੀ ਲੋੜ ਹੋਵੇ ਤਾਂ ਉਹ ਹਰ ਸਮੇਂ ਹਾਜਿਰ ਹੈ।

ਕੌਂਸਲਰ ਲਖਵਿੰਦਰ ਸਿੰਘ ਪਾਬਲਾ ਨੇ ਆਖਿਆ ਕਿ ਉਹ ਗਿਆਨੀ ਨੂੰ ਲੰਬੇ ਅਰਸੇ ਤੋਂ ਜਾਣਦੇ ਹਨ ਅਤੇ ਅੱਜ ਉਹਨਾਂ ਦੀ ਕਿਤਾਬ ਰਲੀਜ ਕਰਕੇ ਉਹਨਾਂ ਨੂੰ ਬੜੀ ਖੁਸ਼ੀ ਹੋ ਰਹੀ ਹੈ। ਜੇ ਪੀ ਅਤੇ ਡਰਬੀ ਦੇ ਜਾਣੇ ਪਹਿਚਾਣੇ ਬਿਜਨਸਮੈਨ ਸ੍ਰੀ ਬਲਵੰਤ ਰਾਏ ਜੀ ਬੱਬਰ ਨੇ ਜਿਥੇ ਗਿਆਨੀ ਨਰਗਸ ਜੀ ਦੀਆਂ ਕਿਤਾਬਾਂ ਦੀ ਅਤੇ ਸੰਸਥਾ ਸਾਂਝਾ ਵਿਰਸਾ ਦੀ ਪ੍ਰਸ਼ੰਸਾ ਕੀਤੀ ਉਥੇ ਹੀ ਮੇਅਰ ਕੌਂਸਲਰ ਅਮਰ ਨਾਥ ਜੀ ਵਲੋਂ ਇਸ ਸਾਲ ਮੇਅਰ ਚੈਰਟੀਆਂ ਬਾਰੇ ਵੀ ਵਿਸਥਾਰ–ਪੂਰਵਕ ਦਸਿਆ ਜਿਸ ਤੋਂ ਪ੍ਰਭਾਵਤ ਹੋ ਕੇ ਮੇਅਰ ਚੈਰਟੀ ਲਈ 226 ਪੋਂਡ ਇਕਠੇ ਹੋਏ।

ਡਰਬੀ ਦੇ ਜਾਣੇ ਪਹਿਚਾਣੇ ਬਿਜਨਸਮੈਨ ਸ: ਸੁਚਾ ਸਿੰਘ ਅਟਵਾਲ ਨੇ ਗਿ: ਨਰਗਸ ਜੀ ਨੂੰ ਐਸੀਆਂ ਕਿਤਾਬਾਂ ਲਿਖਣ ਤੇ ਸ਼ਲਾਘਾ ਕੀਤੀ ਅਤੇ ਸੰਸਥਾ ਸਾਂਝਾ ਵਿਰਸਾ ਦੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਾਵੇਂ ਇਹ ਸੰਸਥਾ ਛੋਟੀ ਹੈ ਪਰ ਇਸ ਦੇ ਕੰਮ ਬਹੁਤ ਬੜੇ ਅਤੇ ਮਹਾਨ ਹਨ। ਪ੍ਰੋਗਰਾਮ ਦੇ ਆਂਖੀਰ ਵਿਚ ਸੰਸਥਾ ਦੇ ਚੇਅਰਮੈਨ ਸ੍ਰ: ਮਨੋਹਰ ਸਿੰਘ ਬਡਵਾਲ ਵਲੋਂ ਮੇਅਰ ਸਾਹਿਬ ਤੇ ਲੇਡੀ ਮੇਅਰੈਸ, ਕੌਂਸਲਰਾਂ, ਸਾਰੇ ਕਵੀਆਂ, ਸਰੋਤਿਆਂ ਅਤੇ ਸਾਰੇ ਹੀ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ।

**ਰਿਪੋਰਟ– ਮਨੋਹਰ ਸਿੰਘ ਬਡਵਾਲ**
**ਅਤੇ ਚੰਦਰ ਸ਼ੇਖਰ ਗੁਰੂ**

* * * *

# ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਪੰਜਾਬੀ ਸੰਗੀਤ ਦਾ ਜ਼ਿੰਦਾ ਰਹਿਣਾ ਜ਼ਰੂਰੀ–ਪਿੰਕੀ ਧਾਲੀਵਾਲ


ਪਿੰਕੀ ਧਾਲੀਵਾਲ

ਲੰਡਨ (ਮਨਪ੍ਰੀਤ ਸਿੰਘ ਬੱਧਨੀ ਕਲਾਂ) ਦੁਬਈ ਤੋਂ ਬਾਅਦ ਇਥੇ ਇਕ ਸਮਾਗਮ ਵਿਚ ਸ਼ਿਰਕਤ ਕਰਨ ਆਏ ਉੱਘੇ ਸੰਗੀਤ ਨਿਰਮਾਤਾ ਪਿੰਕੀ ਧਾਲੀਵਾਲ ਨੇ ਪ੍ਰੈਸ ਬਿਆਨ ਰਾਹੀਂ ਦੱਸਿਆ ਕਿ ਬੇਸ਼ੱਕ ਪੰਜਾਬ ਵਿਚ ਪਾਇਰੇਸੀ ਅਤੇ ਹੋਰ ਕਾਰਨਾਂ ਨੇ ਪੰਜਾਬੀ ਸੰਗੀਤ ਦੀਆਂ ਜੜ੍ਹਾਂ ਉਖਾੜ ਦਿੱਤੀਆਂ ਪਰ ਉਹ ਇਸ ਸੰਗੀਤ ਨੂੰ ਜਿਊਂਦਾ ਰੱਖਣ ਲਈ ਲੜਾਈ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਸਰੋਤਿਆਂ ਨੂੰ ਇਸ ਗੱਲ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਹੁਣ ਵੱਡੀ ਗਿਣਤੀ ਸਿਰਜਣਾਤਮਕ ਕੰਮ ਕਰਨ ਵਾਲੇ ਲੋਕ ਇਸ ਖੇਤਰ ਨੂੰ ਛੱਡ ਗਏ ਹਨ ਤੇ ਬਾਕੀ ਹੌਲੀ–ਹੌਲੀ ਕਿਨਾਰਾ ਕਰ ਰਹੇ ਹਨ। ਜੇਕਰ ਸੰਗੀਤ ਪੈਦਾ ਹੋਣਾ ਬੰਦ ਹੋ ਗਿਆ ਤਾਂ ਵਿਸ਼ੇਸ਼ ਤੌਰ 'ਤੇ ਪੰਜਾਬੀਆਂ ਦੀ ਜ਼ਿੰਦਗੀ ਨੀਰਸ ਹੋ ਜਾਵੇਗੀ ਤੇ ਕਈ ਵੱਡੀਆਂ ਸਮੱਸਿਆਵਾਂ ਪੈਦਾ ਹੋ ਜਾਣਗੀਆਂ। ਉਨ੍ਹਾਂ ਕਿਹਾ ਕਿ ਇਸ ਵੇਲੇ ਪੰਜਾਬੀ ਸੰਗੀਤ ਹੀ ਦੁਨੀਆ ਭਰ ਵਿਚ ਮਾਂ–ਬੋਲੀ ਦੇ ਪ੍ਰਸਾਰ ਤੇ ਪ੍ਰਚਾਰ ਦਾ ਸਭ ਤੋਂ ਚੰਗਾ ਜ਼ਰੀਆ ਹੈ। ਜੇਕਰ ਇਹ ਖ਼ਤਮ ਹੋ ਗਿਆ ਤਾਂ ਮਾਂ ਬੋਲੀ ਦੇ ਦੁਨੀਆ ਭਰ ਵਿਚ ਵਿਕਾਸ ਦੇ ਰਾਹ ਵੀ ਬੰਦ ਹੋ ਜਾਣਗੇ। ਉਨ੍ਹਾਂ ਕਿਹਾ ਕਿ ਉਹ ਮਸ਼ਕੂਰ ਹਨ, ਦੁਨੀਆ ਭਰ ਦੇ ਸੰਗੀਤ ਪ੍ਰੇਮੀਆਂ ਨੇ ਜਿਨ੍ਹਾਂ ਨੇ ਉਨ੍ਹਾਂ ਵੱਲੋਂ ਜਾਰੀ ਕੀਤੀ ਧਰਮਪ੍ਰੀਤ ਦੀ ਐਲਬਮ 'ਕਲਾਸ ਫ਼ੈਲੋ' ਨੂੰ ਵੱਡਾ ਹੁੰਗਾਰਾ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਅਗਸਤ ਮਹੀਨੇ ਵਿਚ ਉਹ ਜੁਆਏ–ਅਤੁੱਲ ਦੇ ਸੰਗੀਤ ਵਿਚ ਇਕ ਵੱਡੇ ਪ੍ਰਾਜੈਕਟ 'ਸਾਡੇ ਵਰਗਾ ਕੌਣ ਏ' ਨੂੰ ਜਾਰੀ ਕਰਨ ਜਾ ਰਹੇ ਹਨ, ਜੋ ਇਕ ਮੀਲ ਪੱਥਰ ਸਾਬਿਤ ਹੋਵੇਗਾ।


ਪੰਜਾਬ ਟਾਈਮਜ਼

PANJAB TIMES (EST 1965)

ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਹੇਠਾਂ ਦਿੱਤੇ ਫ਼ੋਨ ਨੰਬਰ 'ਤੇ ਸੰਪਰਕ ਕਰੋ :

SUBSCRIBE TODAY

| SUBSCRIPTION FOR (PLEASE TICK RELEVANT BOX) | | PANJAB TIMES 1 YEAR |
|---|---|---|
| UNITED KINGDOM | ☐ | £75 |
| EUROPE | ☐ | £115 |
| REST OF THE WORLD | ☐ | £150 |

ਪਰਚੇ ਦਾ ਚੰਦਾ ਕਰੈਡਿਟ ਕਾਰਡ ਜਾਂ ਵੀਜ਼ਾ ਕਾਰਡ ਰਾਹੀਂ ਦੇਣ ਵਾਸਤੇ ਅਤੇ ਬਿੱਲਾਂ ਦਾ ਭੁਗਤਾਨ ਕਰਨ ਲਈ ਹੇਠਾਂ ਦਿੱਤੇ ਨੰਬਰ 'ਤੇ ਫ਼ੋਨ ਕਰੋ। ਜਾਂ ਪਰਚਾ ਡਾਕ ਰਾਹੀਂ ਘਰ ਮੰਗਵਾਉਣ ਲਈ ਹੇਠਾਂ ਦਿੱਤਾ ਕੂਪਨ ਭਰ ਕੇ ਚੈੱਕ ਨਾਲ ਭੇਜੋ।

NAME.................................................................................

ADDRESS...........................................................................

......................................................POST CODE...............................

TEL...................................................................................

*Post with payments to: SUBSCRIPTION*

PANJAB TIMES *21 Cotton Brook Road, Derby. DE23 8JY (UK)*

**TEL: 01332 372851 FAX: 01332 372833**

*www.punjabtimes.co.uk Email: Panjabtimes@aol.com*